**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

# ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ 645 ਡੀ.ਪੀ.ਈ ਅਤੇ 25 ਲੈਕਚਰਾਰ ਸਰੀਰਕ ਸਿੱਖਿਆ ਦੀਆਂ ਆਸਾਮੀਆਂ ਨੂੰ ਠੇਕੇ ਤੇ ਨਿਯੁਕਤੀ ਲਈ ਭਰਤੀ ਕਰਨ ਸਬੰਧੀ ਆਨ-ਲਾਈਨ ਅਰਜ਼ੀਆਂ ਦੀ ਮੰਗ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 28-02-2014 ਤੱਕ ਕੀਤੀ ਗਈ ਸੀ। ਵਿਗਿਆਪਨ ਵਿੱਚ ਦਰਸਾਈਆਂ ਗਈਆਂ ਸ਼ਰਤਾਂ ਅਨੁਸਾਰ ਜਨਰਲ ਕੈਟਾਗਿਰੀ ਦੇ ਤਿੰਨ ਗੁਣਾਂ ਅਤੇ ਬਾਕੀ ਸਾਰੀਆਂ ਰਿਜ਼ਰਵ ਕੈਟਾਗਿਰੀ ਦੇ ਪੰਜ ਗੁਣਾਂ ਉਮੀਦਵਾਰਾਂ ਨੂੰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਮਿਤੀ 27-05-2014 ਤੋਂ 03-06-2014 ਤੱਕ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ,3ਬੀ-1,ਐਸ.ਏ.ਐਸ ਨਗਰ ਵਿਖੇ ਸਵੇਰੇ 09:00ਵਜੇ ਤੋਂ ਸ਼ਾਮ 05:00 ਵਜੇ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਇੰਟਰਨੈਂਟ ਰਾਹੀਂ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਨੋਟ:-

1. ਜਿਹੜੇ ਉਮੀਦਵਾਰਾਂ ਨੇ ਸਪੋਰਟਸ ਕੈਟਾਗਿਰੀ ਵਿੱਚ ਅਪਲਾਈ ਕੀਤਾ ਹੈ ਅਤੇ ਉਹਨਾਂ ਪਾਸ ਸਪੋਰਟਸ ਵਿੱਚ 'ਏ' ਜਾਂ 'ਬੀ' ਗ੍ਰੇਡ ਦਾ ਸਰਟੀਫਿਕੇਟ ਹਾਸਲ ਕੀਤਾ ਹੋਇਆ ਹੈ। ਪਰੰਤੂ ਉਹਨਾਂ ਉਮੀਦਵਾਰਾਂ ਦਾ ਨਾਮ ਵਿਭਾਗ ਦੀ ਪਾਈ ਗਈ ਲਿਸਟ ਵਿੱਚ ਸ਼ਾਮਲ ਨਹੀਂ ਹੈ। ਉਹ ਉਮੀਦਵਾਰ ਵੀ ਹੇਠਾ ਦਰਸਾਏ ਗਏ ਸਡਿਊਲ ਅਨੁਸਾਰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦੇ ਹਨ।

2. ਜੇਕਰ ਕਿਸੇ ਉਮੀਦਵਾਰ ਦੀ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਮੈਰਿਟ ਤੋਂ ਵੱਧ ਹੈ, ਤਾਂ ਉਹ ਉਮੀਦਵਾਰ ਵੀ ਹੇਠ ਦਰਸਾਏ ਸਡਿਊਲ ਅਨੁਸਾਰ ਸਬੂਤ ਸਮੇਤ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦਾ ਹੈ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1. | 27-05-2014 | 1. ਲੈਕਚਰਾਰ ਸਰੀਰਕ ਸਿੱਖਿਆ ਦੀ ਆਸਾਮੀ ਲਈ ਸਾਰੀਆਂ ਕੈਟਾਗਿਰੀਆਂ ਦੇ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ।<br>2. ਡੀ.ਪੀ.ਈ ਦੀ ਆਸਾਮੀ ਲਈ ਓਪਨ ਮੈਰਿਟ (ਜਨਰਲ) ਕੈਟਾਗਿਰੀ ਦੇ ਲੜੀ ਨੰ: 1 ਤੋਂ ਲੜੀ ਨੰ: 270 ਤੱਕ ਦੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |

| | | |
|---|---|---|
| 2. | 28-05-2014 | ਡੀ.ਪੀ.ਈ ਦੀ ਆਸਾਮੀ ਲਈ ਓਪਨ ਮੈਰਿਟ(ਜਨਰਲ) ਕੈਟਾਗਿਰੀ ਦੇ ਲੜੀ ਨੰ: 271 ਤੋਂ ਲੜੀ ਨੰ: 621 ਤੱਕ ਦੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
| 3. | 29-05-2014 | ਡੀ.ਪੀ.ਈ ਦੀ ਆਸਾਮੀ ਲਈ ਓਪਨ ਮੈਰਿਟ(ਜਨਰਲ)ਦੇ ਲੜੀ ਨੰ: 622 ਤੋਂ ਲੜੀ ਨੰ: 963 ਤੱਕ ਦੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ |
| 4. | 30-05-2014 | ਡੀ.ਪੀ.ਈ ਦੀ ਆਸਾਮੀ ਲਈ:-<br>1.**ਐਸ.ਸੀ (R&O)** ਕੈਟਾਗਿਰੀ ਦੇ ਲੜੀ ਨੰ: 1 ਤੋਂ 325 ਤੱਕ,<br>2.ਅੰਗਹੀਣ ਕੈਟਾਗਿਰੀ ਦੇ ਲੜੀ ਨੰ: 1 ਤੋਂ 21 ਤੱਕ,<br>ਦੇ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
| 5. | 01-06-2014 | ਡੀ.ਪੀ.ਈ ਦੀ ਆਸਾਮੀ ਲਈ:-<br>1.ਬੀ.ਸੀ ਕੈਟਾਗਿਰੀ ਦੇ ਲੜੀ ਨੰ: 1 ਤੋਂ 320 ਤੱਕ,<br>2.ਸਪੋਰਟਸ ਜਨਰਲ ਕੈਟਾਗਿਰੀ ਦੇ ਲੜੀ ਨੰ: 1 ਤੋਂ 65 ਤੱਕ,<br>3.ਸਪੋਰਟਸ(ਐਸ.ਸੀ)ਕੈਟਾਗਿਰੀ ਲੜੀ ਨੰ: 1 ਤੋਂ 35 ਤੱਕ,<br>ਦੇ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
| 6. | 02-06-2014 | ਡੀ.ਪੀ.ਈ ਦੀ ਆਸਾਮੀ ਲਈ:<br>1.ਐਸ.ਸੀ (M&B) ਕੈਟਾਗਿਰੀ ਦੇ ਲੜੀ ਨੰ: 1 ਤੋਂ 155 ਤੱਕ,<br>2.ਐਕਸ ਸਰਵਿਸਮੈਨ ਜਨਰਲ/ਐਸ.ਸੀ/ਬੀ.ਸੀ ਕੈਟਾਗਿਰੀ ਦੇ ਲੜੀ ਨੰ: 1 ਤੋਂ 200 ਤੱਕ,<br>3.ਫਰੀਡਮ ਫਾਇਟਰ ਕੈਟਾਗਿਰੀ ਲੜੀ ਨੰ: 1 ਤੋਂ 30 ਤੱਕ,<br>ਦੇ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
| 7. | 03-06-2014 | ਉਪਰੋਕਤ ਦਰਸਾਈਆਂ ਗਈਆਂ ਮਿਤੀਆਂ ਨੂੰ ਜੇਕਰ ਕੋਈ ਉਮੀਦਵਾਰ ਕਿਸੇ ਕਾਰਨ ਗੈਰ-ਹਾਜ਼ਰ ਹੋ ਜਾਂਦਾ ਹੈ ਤਾਂ ਉਸ ਉਮੀਦਵਾਰ ਨੂੰ ਮਿਤੀ 03-06-2014 ਨੂੰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਲਈ ਦੁਬਾਰਾ ਆਖਰੀ ਮੌਕਾ ਦਿੱਤਾ ਜਾਵੇਗਾ। |

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਮੈਰਿਟ ਵਿੱਚ ਆਉਂਦਾ/ ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ

ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।

6. **www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।
9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

ਕਰਮਜੀ... 21/5/14.

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।

ਦਫਤਰ ਚੇਅਰਮੈਨ,ਭਰਤੀ ਬੋਰਡ-ਕਮ- ਪ੍ਰਮੁੱਖ ਸਕੱਤਰ,ਸਕੂਲ ਸਿੱਖਿਆ ਵਿਭਾਗ,ਪੰਜਾਬ।
ਪੀ.ਐਸ.ਈ.ਬੀ ਕੰਪਲੈਕਸ,ਈ ਬਲਾਕ,ਪੰਜਵੀ ਮੰਜਿਲ,ਫੇਜ਼-8,ਐਸ.ਏ.ਐਸ ਨਗਰ।
(ਵੈਬਸਾਈਟ www.educationrecruitmentboard.com)

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ 645 ਡੀ.ਪੀ.ਈ ਅਤੇ 25 ਲੈਕਚਰਾਰ ਸਰੀਰਕ ਸਿੱਖਿਆ ਦੀਆਂ ਆਸਾਮੀਆਂ ਨੂੰ ਠੇਕੇ ਤੇ ਨਿਯੁਕਤੀ ਲਈ ਭਰਤੀ ਕਰਨ ਸਬੰਧੀ ਆਨ-ਲਾਈਨ ਅਰਜ਼ੀਆਂ ਦੀ ਮੰਗ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 28-02-2014 ਤੱਕ ਕੀਤੀ ਗਈ ਸੀ। ਵਿਗਿਆਪਨ ਵਿੱਚ ਦਰਸਾਈਆਂ ਗਈਆਂ ਸ਼ਰਤਾਂ ਅਨੁਸਾਰ ਜਨਰਲ ਕੈਟਾਗਿਰੀ ਦੇ ਤਿੰਨ ਗੁਣਾਂ ਅਤੇ ਬਾਕੀ ਸਾਰੀਆਂ ਰਿਜ਼ਰਵ ਕੈਟਾਗਿਰੀ ਦੇ ਪੰਜ ਗੁਣਾਂ ਉਮੀਦਵਾਰਾਂ ਨੂੰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਮਿਤੀ 27-05-2014 ਤੋਂ 03-06-2014 ਤੱਕ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ,3ਬੀ-1,ਐਸ.ਏ.ਐਸ ਨਗਰ ਵਿਖੇ ਬੁਲਾਇਆ ਜਾਂਦਾ ਹੈ। ਯੋਗ ਉਮੀਦਵਾਰਾਂ ਦੀ ਲਿਸਟ ਅਤੇ ਸਕਰੂਟਨੀ ਦਾ ਸਡਿਊਲ ਵਿਭਾਗ ਦੀ ਵੈਬ-ਸਾਈਟ **www.educationrecruitmentboard.com** ਤੇ ਉਪਲਬਧ ਹੈ।

ਚੇਅਰਮੈਨ ਭਰਤੀ ਬੋਰਡ-ਕਮ-
ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ,ਪੰਜਾਬ।